


# ਸਰੋਤ

211 ਸੈਕਰਾਮੈਂਟੋ ਸਰੋਤ ਡਾਇਰੈਕਟਰੀ
- ਉਪਲਬਧ ਸ਼ੈਲਟਰ ਸਰੋਤ
(916) 498-1000
ਟੋਲ ਫ੍ਰੀ: 1(800) 500 -4931
TTY/TTD (916) 446 -1434
https://www.211sacrento.org/211/

ਸੀਏ ਯੂਥ ਕ੍ਰਾਈਸਿਸ ਲਾਈਨ (CA Youth Crisis Line)
1-(800) 843-5200

ਨੈਸ਼ਨਲ ਸੁਸਾਈਡ ਹੌਟਲਾਈਨ (National Suicide Hotline)
1-(800) 273-8255

ਸੈਕਰਾਮੈਂਟੋ ਮੈਂਟਲ ਹੈਲਥ ਐਕਸੈੱਸ ਟੀਮ
(Sacramento Mental Health ACCESS Team)
(916) 875-1055 ਜਾਂ (888) 881-4481

ਲਾ ਫ਼ੈਮਿਲੀਆ ਕਾਉਂਸਲਿੰਗ ਸੈਂਟਰ
(La Familia Counseling Center)
(916) 452 -3601

ਐਲਕ ਗ੍ਰੋਵ ਫ਼ੂਡ ਬੈਂਕ (Elk Grove Food Bank)
(916) 685 -8453

ਸੈਕਰਾਮੈਂਟੋ ਫ਼ੂਡ ਬੈਂਕ/ਕਪੜਿਆਂ ਦੀਆਂ ਅਲਮਾਰੀਆਂ
(916) 456 -1980

ਵਿੰਡ ਯੂਥ ਸ਼ੈਲਟਰ (Wind Youth Shelter)
(916) 504-3313

ਸੈਕਰਾਮੈਂਟੋ ਕਾਉਂਟੀ ਦੇ ਐਮਰਜੈਂਸੀ ਫ਼ੈਮਿਲੀ ਸ਼ੈਲਟਰ
https://dhaservices.saccounty.net/efs

ਰੈਂਟਰਜ਼ ਹੈਲਪ ਲਾਈਨ (Renters Help Line)

## ਐਲਕ ਗ੍ਰੋਵ ਯੂਨੀਫ਼ਾਈਡ ਸਕੂਲ ਡਿਸਟ੍ਰਿਕਟ SAFE ਪ੍ਰੋਗਰਾਮ ਦੇ ਸਥਾਨ

**ਵੈਲੀ ਹਾਈ ਸਕੂਲ (Valley High School)**
6300 Ehrhardt Ave
Sacramento Ca 95823
916 681-7577
ਫ਼ੈਕਸ 916 681-7578

**ਡੇਵਿਡ ਰੀਸ ਐਲੀਮੈਂਟਰੀ (David Reese Elementary)**
7600 Lindale Dr.
Sacramento Ca 95828
916 392-9081
ਫ਼ੈਕਸ 916 394-1634

**ਵਿਦਿਆਰਥੀ ਅਤੇ ਪਰਿਵਾਰਕ ਸਸ਼ਕਤੀਕਰਨ ਪ੍ਰੋਗਰਾਮ**
**ਪ੍ਰੋਗਰਾਮ ਮਾਹਰ/ਬੇਘਰਿਆਂ ਲਈ ਤਾਲਮੇਲ**
Tami Silvera
Tsilvera@egusd.net
916-681-7577

**ਪਰਿਵਾਰ ਅਤੇ ਭਾਈਚਾਰਕ ਸ਼ਮੂਲੀਅਤ ਵਿਭਾਗ ਡਾਇਰੈਕਟਰ**
Lysette Lemay
(916) 831-5530

**SAFE ਪ੍ਰੋਗਰਾਮ ਦੀ ਵੈੱਬਸਾਈਟ:**
https://www.egusd.net/StudentsFamilies/ResourcesSupports/Student-and-Family-Empowerment-Centers/

ELK GROVE EGUSD

# EGUSD SAFE

Office of Student and Family Empowerment



ELK GROVE EGUSD

# EGUSD **SAFE**
Office of Student and Family Empowerment

## EGUSD ਦਾ ਸੁਫ਼ਨਾ
EGUSD ਵਿੱਚ ਸਾਡਾ ਸੁਫ਼ਨਾ ਹਰ ਵਿਦਿਆਰਥੀ ਨੂੰ ਹਰ ਕਲਾਸ ਵਿੱਚ, ਹਰ ਵਿਸ਼ੇ ਵਿੱਚ, ਹਰ ਰੋਜ਼ ਕਾਲਜ, ਕਰੀਅਰ ਅਤੇ ਜੀਵਨ ਲਈ ਤਿਆਰ ਕਰਨਾ ਹੈ।

## ਉਦੇਸ਼
ਵਿਦਿਆਰਥੀ ਅਤੇ ਪਰਿਵਾਰਕ ਸ਼ਕਤੀਕਰਣ ਦਫ਼ਤਰ ਦਾ ਉਦੇਸ਼ ਵਿਦਿਆਰਥੀਆਂ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਵਾਸਤੇ ਵਿਦਿਆਰਥੀਆਂ, ਉਹਨਾਂ ਦੇ ਪਰਿਵਾਰਾਂ ਅਤੇ ਕਮਿਊਨਿਟੀ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਦੇ ਹੋਏ ਸਿੱਖਿਆ ਤਕ ਪਹੁੰਚਣ ਵਿੱਚ ਅੜਚਣ ਪਾਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨਾ ਹੈ।

## ਟੀਚਾ
ਸਾਡਾ ਟੀਚਾ EGUSD ਵਿਦਿਆਰਥੀਆਂ ਅਤੇ ਉਹਨਾਂ ਦੇ ਪਰਿਵਾਰਾਂ ਵਾਸਤੇ ਵਿਦਿਅਕ, ਸਿਹਤ, ਅਤੇ ਸਮਾਜਕ ਭਾਵਨਾਤਮਕ ਨਤੀਜਿਆਂ ਵਿੱਚ ਸੁਧਾਰ ਲਿਆਉਣਾ ਹੈ। ਅਸੀਂ ਆਰਥਿਕ ਮੁਸ਼ਕਲਾਂ, ਬੇਘਰੇਪਣ, ਭੋਜਨ ਦੀ ਅਸੁਰੱਖਿਆ, ਸਿਹਤ, ਦੰਦਾਂ ਸਬੰਧੀ, ਨਜ਼ਰ ਸਬੰਧੀ ਅਤੇ, ਮਾਨਸਿਕ ਸਿਹਤ ਸਬੰਧੀ ਚਿੰਤਾਵਾਂ, ਅਤੇ ਸਰੋਤਾਂ ਦੀ ਕਮੀ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਅਤੇ ਪਰਿਵਾਰਾਂ ਵਾਸਤੇ ਕੇਸ ਪ੍ਰਬੰਧਨ ਮੁਹੱਈਆ ਕਰਾ ਕੇ ਅਜਿਹਾ ਕਰਦੇ ਹਾਂ।

ਪ੍ਰੋਗਰਾਮ ਦੇ ਤਿੰਨ ਹਿੱਸੇ ਹਨ:

- **ਬੇਘਰਿਆਂ ਲਈ ਸਿੱਖਿਆ ਪ੍ਰੋਗਰਾਮ**
  ਇਹ ਪ੍ਰੋਗਰਾਮ ਸਹਾਇਤਾ ਪਹੁੰਚ, ਦਾਖਲੇ ਲਈ ਸਮਰਥਨ, ਆਵਾਜਾਈ ਅਤੇ ਸਕੂਲ ਗਤੀਵਿਧੀਆਂ ਅਤੇ ਹੋਰ ਸਕੂਲ ਪ੍ਰੋਗਰਾਮਾਂ ਤੱਕ ਪਹੁੰਚ ਪ੍ਰਦਾਨ ਕਰਦਾ ਹੈ।
- **ਆਮ ਰੈਫ਼ਰਲ**
  ਇਹ ਭੋਜਨ ਜਾਂ ਕੱਪੜਿਆਂ ਦੀ ਅਲਮਾਰੀ, ਸਿਹਤ ਬੀਮੇ ਨਾਲ ਲਿੰਕ ਕੀਤੇ ਜਾਣ, ਸਲਾਹ-ਮਸ਼ਵਰੇ, ਅਤੇ ਹੋਰ ਬਹੁਤ ਸਾਰੀਆਂ ਸੇਵਾਵਾਂ ਨਾਲ ਸੰਪਰਕ ਲਈ ਬੁਨਿਆਦੀ ਰੈਫ਼ਰਲ ਹਨ।
- **ਕਮਿਊਨਿਟੀ ਸਰੋਤ ਅਤੇ ਭਾਈਵਾਲੀਆਂ**
  SAFE ਪ੍ਰੋਗਰਾਮ ਦੇ ਯਤਨਾਂ ਲਈ ਕਮਿਊਨਿਟੀ ਭਾਈਵਾਲੀ ਬਹੁਤ ਜ਼ਰੂਰੀ ਹੈ ਅਤੇ ਇਹ ਲੋੜੀਂਦੇ ਸਰੋਤ ਪ੍ਰਦਾਨ ਕਰਦੀ ਹੈ ਜੋ ਉਂਝ ਪੂਰੇ ਨਾ ਹੁੰਦੇ।

## ਕਿਹੜੀ ਚੀਜ਼ ਸਾਨੂੰ ਵਿਲੱਖਣ ਬਣਾਉਂਦੀ ਹੈ?
- ਹਾਰਦਿਕ ਨਿੱਜੀ ਜਾਣ-ਪਛਾਣ ਦੇ ਨਾਲ ਕੇਸ ਪ੍ਰਬੰਧਨ
- ਸਮੁੱਚੇ ਰੂਪ ਵਿੱਚ ਬੱਚੇ ਅਤੇ ਪਰਿਵਾਰ ਦੀਆਂ ਵਿਸ਼ੇਸ਼ ਲੋੜਾਂ ਲਈ ਸੇਵਾਵਾਂ
- ਅਸੀਂ ਪਹੁੰਚਯੋਗ ਹਾਂ—ਦੋ EGUSD ਕੈਂਪਸਾਂ ਵਿੱਚ ਉਪਲਬਧ ।

## ਅਸੀਂ ਕੀ ਕਰਦੇ ਹਾਂ?
SAFE ਪ੍ਰੋਗਰਾਮ ਹੇਠ ਲਿਖੇ ਸਰੋਤ ਅਤੇ ਸਹਾਇਤਾ ਪ੍ਰਦਾਨ ਕਰ ਸਕਦਾ ਹੈ:
- ਯੋਗ ਵਿਦਿਆਰਥੀਆਂ ਨੂੰ ਸਕੂਲ ਵਿੱਚ ਦਾਖਲ ਕਰਵਾਉਣ ਵਿੱਚ ਸਹਾਇਤਾ।
- ਬੈਕਪੈਕ ਅਤੇ ਸਕੂਲ ਦਾ ਸਮਾਨ
- ਯੋਗ ਵਿਦਿਆਰਥੀਆਂ ਲਈ ਬੱਸ ਪਾਸ ਅਤੇ ਸਕੂਲ ਆਉਣ-ਜਾਣ ਲਈ ਆਵਾਜਾਈ ਸਹਾਇਤਾ
- ਮੈਡੀਕਲ, ਦੰਦਾਂ ਜਾਂ ਅੱਖਾਂ ਦੀ ਦੇਖਭਾਲ ਸੇਵਾਵਾਂ ਲਈ ਰੈਫਰਲ
- ਰਿਹਾਇਸ਼ ਅਤੇ ਸ਼ੈਲਟਰ ਸੇਵਾਵਾਂ ਲਈ ਰੈਫਰਲ

## ਸਾਡੀਆਂ ਸੇਵਾਵਾਂ ਤੱਕ ਕਿਵੇਂ ਪਹੁੰਚਿਆ ਜਾਵੇ
ਪਰਿਵਾਰ ਅਤੇ ਵਿਦਿਆਰਥੀ ਇਸ ਬਰੋਸ਼ਰ ਦੇ ਪਿਛਲੇ ਪਾਸੇ ਦਿੱਤੇ SAFE ਪ੍ਰੋਗਰਾਮ ਸਥਾਨਾਂ 'ਤੇ ਕਾਲ ਕਰ ਸਕਦੇ ਹਨ। ਸਟਾਫ਼ ਰੈਫ਼ਰਲ ਪੂਰਾ ਕਰ ਸਕਦਾ ਹੈ, ਈਮੇਲ ਕਰ ਸਕਦਾ ਹੈ ਜਾਂ SAFE ਨਾਲ ਸਿੱਧਾ ਸੰਪਰਕ ਕਰ ਸਕਦਾ ਹੈ।






## ਬੇਘਰਿਆਂ ਲਈ ਸਿੱਖਿਆ
ਮੈਕਕਿੰਨੀ-ਵੈਂਟੋ ਕਾਨੂੰਨ (McKinney-Vento Act) ਬੇਘਰੇਪਣ ਨੂੰ ਅਜਿਹੇ ਵਿਅਕਤੀਆਂ ਦੇ ਰੂਪ ਵਿੱਚ ਪਰਿਭਾਸ਼ਤ ਕਰਦਾ ਹੈ ਜਿਹਨਾਂ ਕੋਲ ਆਰਥਿਕ ਤੰਗੀਆਂ ਜਾਂ ਜੀਵਨ ਦੇ ਹੋਰ ਮੁਸ਼ਕਲ ਹਾਲਾਤ ਕਰਕੇ ਅਕਸਰ ਰਾਤ ਲਈ ਇੱਕ ***ਸਥਿਰ, ਨਿਯਮਤ***, *ਅਤੇ* ***ਉਚਿਤ*** *ਨਿਵਾਸ ਦੀ ਕਮੀ ਹੁੰਦੀ ਹੈ। ਇਸ ਪਰਿਭਾਸ਼ਾ ਵਿੱਚ ਸਕੂਲੀ ਉਮਰ ਦੇ ਉਹ ਬੱਚੇ ਵੀ ਸ਼ਾਮਲ ਹਨ ਜਿਹਨਾਂ ਕੋਲ ਰਾਤ ਲਈ ਨਿਵਾਸ ਹੁੰਦਾ ਹੈ ਜੋ:*
- ਕਿਸੇ ਹੋਰ ਪਰਿਵਾਰ ਨਾਲ ਸਾਂਝਾ ਹੋਵੇ (ਕਿਸੇ ਹੋਰ ਪਰਿਵਾਰ ਨਾਲ ਰਹਿਣਾ)
- ਕਿਸੇ ਸ਼ੈਲਟਰ ਜਾਂ ਅਸਥਾਈ ਰਿਹਾਇਸ਼ ਵਿੱਚ ਰਹਿਣਾ
- ਕਿਸੇ ਮੋਟਲ ਜਾਂ ਹੋਟਲ ਵਿੱਚ ਅਸਥਾਈ ਤੌਰ 'ਤੇ ਰਹਿਣਾ
- ਕਿਸੇ ਕਾਰ, ਪਾਰਕ, ਕੈਂਪਗ੍ਰਾਊਂਡ, ਵੀਰਾਨ ਇਮਾਰਤ ਜਾਂ ਹੋਰ ਅਢੁਕਵੀਂ ਰਿਹਾਇਸ਼ ਵਿੱਚ ਰਹਿਣਾ

## ਵਿਦਿਆਰਥੀਆਂ ਦੇ ਅਧਿਕਾਰ
ਤੁਰੰਤ ਦਾਖਲਾ
ਉਸੇ ਸਕੂਲ/ਫ਼ੀਡਰ ਸਕੂਲ ਵਿੱਚ ਬਣੇ ਰਹਿਣ ਦਾ ਅਧਿਕਾਰ ਜਿੱਥੇ ਉਸਦਾ ਪਹਿਲਾਂ ਦਾਖਲਾ ਸੀ
ਟ੍ਰਾਂਸਪੋਰਟੇਸ਼ਨ ਵਿੱਚ ਸਹਿਯੋਗ
ਮੁਫ਼ਤ ਅਤੇ ਘਟੀ ਹੋਈ ਕੀਮਤ 'ਤੇ ਦੁਪਹਿਰ ਦਾ ਖਾਣਾ
ਬੇਘਰਿਆਂ ਲਈ ਤਾਲਮੇਲ ਸਹਾਇਤਾ
FAPE (ਮੁਫ਼ਤ ਢੁਕਵੀਂ ਜਨਤਕ ਸਿੱਖਿਆ) ਵਿੱਚ ਸਾਰੀਆਂ ਅੜਚਣਾਂ ਨੂੰ ਦੂਰ ਕਰਨਾ
ਦਾਖਲਾ ਅਤੇ ਪਾਠਕ੍ਰਮ ਤੋਂ ਬਾਹਰਲੀਆਂ ਗਤੀਵਿਧੀਆਂ

## ਆਮ ਤੌਰ 'ਤੇ ਲੋੜੀਂਦੇ ਦਸਤਾਵੇਜ਼ਾਂ ਦੇ ਬਗੈਰ ਦਾਖਲਾ ਜਿਵੇਂ ਕਿ:
ਰਿਹਾਇਸ਼ ਦਾ ਸਬੂਤ (ਮੌਰਗੇਜ ਜਾਂ ਕਿਰਾਏ ਦਾ ਸਮਝੌਤਾ)
ਜਨਮ ਪ੍ਰਮਾਣ-ਪੱਤਰ
ਟੀਕਾਕਰਣ ਰਿਕਾਰਡ
ਪਿਛਲੇ ਸਕੂਲ ਦੇ ਰਿਕਾਰਡ
ਕਨੂੰਨੀ ਸਰਪ੍ਰਸਤੀ ਦੇ ਕਾਗਜ਼